# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

ਕੰਟਰੋਲਰ (ਪ੍ਰੀਖਿਆਵਾਂ) ਦਫ਼ਤਰ

ਨੰ...3130.....ਸੀ.ਓ.ਈ.

ਮਿਤੀ...16/09/2020...

## ਅਤਿ-ਜ਼ਰੂਰੀ ਸੂਚਨਾ

ਸਮੂਹ ਵਿਭਾਗਾਂ ਦੇ ਮੁਖੀ ਸਾਹਿਬਾਨ,
ਸਮੂਹ ਕੰਸਟੀਚਿਊਟ ਕਾਲਜ/ਨੇਬਰਹੁੱਡ ਕੈਂਪਸ ਅਤੇ ਕਾਲਜਾਂ ਦੇ ਪ੍ਰਿੰਸੀਪਲ/ਇੰਚਾਰਜ਼/ਕੋਆਰਡੀਨੇਟਰ ਸਾਹਿਬਾਨ

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰੀ-ਅਪੀਅਰ ਵਾਲੇ ਵਿਦਿਆਰਥੀ ਆਪਣਾ ਪ੍ਰੈਕਟੀਕਲ ਸਬੰਧਿਤ ਵਿਭਾਗ/ਕਾਲਜ ਵਿਚ ਦੇਣਗੇ। ਕੁਝ ਰੀ-ਅਪੀਅਰ ਵਾਲੇ ਅਜਿਹੇ ਵਿਦਿਆਰਥੀ ਵੀ ਹੋ ਸਕਦੇ ਹਨ ਜਿਨ੍ਹਾਂ ਨੇ ਆਪਣੀ ਫ਼ੀਸ ਆਫ਼ਲਾਈਨ ਵਿਧੀ ਰਾਹੀਂ ਯੂਨੀਵਰਸਿਟੀ ਵਲੋਂ ਨਿਸ਼ਚਿਤ ਸਮੇਂ ਤੋਂ ਪਹਿਲਾਂ ਭਰੀ ਹੈ ਪਰ ਉਨ੍ਹਾਂ ਦਾ ਨਾਮ ਕਟ-ਲਿਸਟ ਵਿੱਚ ਨਹੀਂ ਹੈ। ਜੇਕਰ ਅਜਿਹਾ ਵਿਦਿਆਰਥੀ ਆਪ ਨੂੰ ਆਪਣੀ ਫ਼ੀਸ ਸਲਿਪ ਦਿਖਾ ਦਿੰਦਾ ਹੈ ਤਾਂ ਉਸ ਦੀ ਪ੍ਰੈਕਟੀਕਲ ਪ੍ਰੀਖਿਆਵਾਂ ਇਹ ਅੰਡਰ-ਟੇਕਿੰਗ ਲੈਂਦੇ ਹੋਏ ਕਰਵਾ ਲਈਆਂ ਜਾਣ ਕਿ ਜੇਕਰ ਬਾਅਦ ਵਿੱਚ ਪਤਾ ਚਲਦਾ ਹੈ ਕਿ ਉਸਦੀ ਪਾਤਰਤਾ ਨਹੀਂ ਬਣਦੀ ਤਾਂ ਉਸਦੀ ਉਮੀਦਵਾਰੀ ਰੱਦ ਕਰ ਦਿੱਤੀ ਜਾਵੇਗੀ ਅਤੇ ਉਹ ਕੋਈ ਵੀ ਇਤਰਾਜ਼ ਨਹੀਂ ਕਰੇਗਾ। ਇਸ ਤਰ੍ਹਾਂ ਦੇ ਵਿਦਿਆਰਥੀਆਂ ਦੇ ਪ੍ਰੈਕਟਕੀਲ ਅੰਕ ਯੂਨੀਵਰਸਿਟੀ ਵਲੋਂ ਰੋਲ ਨੰਬਰ ਅਲਾਟ ਕਰਨ ਤੋਂ ਬਾਅਦ ਪੋਰਟਲ ਤੇ ਅਪਲੋਡ ਕੀਤੇ ਜਾਣ ਜੀ। ਅਜਿਹੇ ਕੇਸਾਂ ਬਾਰੇ ਵੀ ਯੂਨੀਵਰਸਿਟੀ ਨੂੰ ਸੂਚਿਤ ਕਰ ਦਿੱਤਾ ਜਾਵੇ ਜੀ।

ਵਿਭਾਗਾਂ/ਕਾਲਜਾਂ ਨੂੰ ਇਹ ਵੀ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਵੱਲੋਂ ਥਿਊਰੀ ਪ੍ਰੀਖਿਆਵਾਂ ਸ਼ੁਰੂ ਹੋਣ ਤੋਂ 2-3 ਦਿਨ ਪਹਿਲਾਂ ਹੀ ਕੱਟ-ਲਿਸਟਾਂ ਡਾਊਨਲੋਡ/ਪ੍ਰਿੰਟ ਕੀਤੀਆਂ ਜਾਣ। ਕਿਉਂਕਿ ਅਜੇ ਵੀ ਕਈ ਰੀ-ਅਪੀਅਰ ਵਿਦਿਆਰਥੀਆਂ ਦੇ ਕੇਸ ਜਿਨ੍ਹਾਂ ਵਲੋਂ ਫ਼ਾਰਮ/ਫ਼ੀਸ ਸਮੇਂ-ਸਿਰ ਆਫ਼ਲਾਈਨ ਭਰੇ ਗਏ ਹਨ, ਵਿਚਾਰ ਅਧੀਨ ਹਨ ਅਤੇ ਉਨ੍ਹਾਂ ਦੇ ਨਾਮ ਕਟ-ਲਿਸਟਾਂ ਵਿੱਚ ਸ਼ਾਮਿਲ ਕੀਤੇ ਜਾ ਰਹੇ ਹਨ।

ਆਪ ਜੀ ਦੇ ਪਰਮ ਸਹਿਯੋਗ ਹਿੱਤ ਜੀ,

16/9/2020

ਕੰਟਰੋਲਰ (ਪ੍ਰੀਖਿਆਵਾਂ)

ਕੰਟਰੋਲਰ (ਪਰੀਖਿਆਵਾਂ)
ਪੰਜਾਬੀ ਯੂਨੀਵਰਸਿਟੀ,
ਪਟਿਆਲਾ